BRAMPTON Flower City
brampton.ca

media release

9 ਅਕਤੂਬਰ, 2018

# ਇਸ ਪਤਝੜ ਬ੍ਰੈਂਪਟਨ ਵਿੱਚ ਗੌਰਡ (ਕੱਦੂ ਦੀ ਸ਼੍ਰੇਣੀ ਦੀ ਸਬਜ਼ੀ) ਸਮਾਂ

ਬ੍ਰੈਂਪਟਨ, ਓਨਟੈਰੀਓ – ਪਤਝੜ ਦੀ ਰੁੱਤ ਆ ਗਈ ਹੈ ਅਤੇ ਪੂਰੇ ਪਰਿਵਾਰ ਵਾਸਤੇ ਅਨੰਦ ਮਾਣਨ ਲਈ ਕਈ ਤਰ੍ਹਾਂ ਦੀਆਂ ਮੁਫ਼ਤ, ਤਿਓਹਾਰਾਂ ਦੀਆਂ ਗਤੀਵਿਧੀਆਂ ਵੀ ਵਾਪਸ ਆ ਗਈਆਂ ਹਨ।

ਪ੍ਰਸ਼ੰਸਕਾਂ ਦੀਆਂ ਮਨਪਸੰਦ "ਡਰਾਵਣੀਆਂ ਰਾਤਾਂ" ("ਫ੍ਰਾਈਟ ਨਾਈਟਸ") ਐਤਵਾਰ, 14 ਅਕਤੂਬਰ ਨੂੰ ਸ਼ੁਰੂ ਹੋਣਗੀਆਂ। ਬੱਚਿਆਂ ਲਈ ਥੀਮ ਵਾਲੇ ਕ੍ਰਾਫਟਸ, ਸੰਗੀਤ, ਤੈਰਾਕੀ, ਸਕੇਟਿੰਗ, ਅਤੇ ਹੋਰ 'ਭੂਤਾਂ ਵਾਲੀਆਂ' ਗਤੀਵਿਧੀਆਂ ਦਾ ਅਨੰਦ ਮਾਣੋ। ਇਹਨਾਂ ਵਿੱਚ ਸ਼ਾਮਲ ਹੋਣ ਲਈ ਰਜਿਸਟਰੇਸ਼ਨ ਦੀ ਲੋੜ ਨਹੀਂ ਹੈ। ਨਾ ਖ਼ਰਾਬ ਹੋਣ ਵਾਲੇ ਭੋਜਨ ਪਦਾਰਥਾਂ (ਪ੍ਰਤੀ ਵਿਅਕਤੀ ਇੱਕ) ਦੇ ਦਾਨ ਨਾਲ ਤੈਰਾਕੀ ਅਤੇ ਸਕੇਟਸ (ਜਿੱਥੇ ਲਾਗੂ ਹੋਵੇ) ਲਈ ਦਾਖਲਾ ਮੁਫ਼ਤ ਹੈ। ਸਾਰੀਆਂ ਗਤੀਵਿਧੀਆਂ ਸ਼ਾਮ 6 ਵਜੇ ਤੋਂ ਰਾਤ 9 ਵਜੇ ਤੱਕ ਹੋਣਗੀਆਂ।

ਸੀਜਨ ਖ਼ਤਮ ਹੋਣ ਦਾ ਜਸ਼ਨ ਮਨਾਉਣ ਲਈ, 1 ਨਵੰਬਰ, 2018 ਨੂੰ 10ਵੀਂ ਸਲਾਨਾ ਗ੍ਰੇਟ ਪੰਪਕਿਨ ਪਾਰਟੀ (Great Pumpkin Party) ਦਾ ਆਯੋਜਨ ਹੋਵੇਗਾ।

ਕਾਰਜਕਰਮ ਦੀ ਪੂਰੀ ਸੂਚੀ ਲਈ, ਹੇਠਾਂ ਦੇਖੋ:

**Fright Nights (ਡਰਾਵਣੀਆਂ ਰਾਤਾਂ):**

**ਐਤਵਾਰ, 14 ਅਕਤੂਬਰ**
**ਗ੍ਰੀਨਬ੍ਰਿਅਰ ਰੇਕ੍ਰੀਏਸ਼ਨ ਸੈਂਟਰ (Greenbriar Recreation Centre)**

- ਬੋਨਫਾਇਰ ਅਤੇ ਵੈਗਨ ਰਾਈਡਸ
- ਫੇਸ ਪੇਂਟਿੰਗ
- ਭੂਤਗ੍ਰਸਤ ਸਕੇਟ

**ਸ਼ੁੱਕਰਵਾਰ, 19 ਅਕਤੂਬਰ**
**ਸੈਂਚੁਰੀ ਗਾਰਡਨਸ ਰੇਕ੍ਰੀਏਸ਼ਨ ਸੈਂਟਰ (Century Gardens Recreation Centre)**

- ਪੰਪਕਿਨ (ਕੱਦੂ) ਸਜਾਉਣਾ
- ਏਅਰਬੁਰਸ਼/ਫੇਸ ਪੇਂਟਿੰਗ
- ਬੋਨਫਾਇਰ ਅਤੇ ਵੈਗਨ ਰਾਈਡਸ

**ਸ਼ਨੀਵਾਰ, 20 ਅਕਤੂਬਰ**
**ਲੋਫਰਸ ਲੇਕ ਰੇਕ੍ਰੀਏਸ਼ਨ ਸੈਂਟਰ (Loafer's Lake Recreation Centre)**

- ਪੰਪਕਿਨ (ਕੱਦੂ) ਸਜਾਉਣਾ
- ਬੋਨਫਾਇਰ ਅਤੇ ਵੈਗਨ ਰਾਈਡਸ

- ਫੇਸ ਪੇਂਟਿੰਗ

**ਸ਼ੁੱਕਰਵਾਰ, 26 ਅਕਤੂਬਰ**

**ਗੋਰ ਮੇਡੋਜ਼ ਕਮਿਉਨਿਟੀ ਸੈਂਟਰ (Gore Meadows Community Centre)**

- ਭੂਤਗ੍ਰਸਤ (ਹੌਂਟੇਡ)ਵੈਗਨ ਰਾਈਡ
- ਸਵੈਂਪ ਸਵਿਮ
- ਜ਼ੋਂਬੀ ਜ਼ੁੰਬਾ

**ਪ੍ਰੋਫੈਸਰਸ ਲੇਕ ਰੇਕ੍ਰੀਏਸ਼ਨ ਸੈਂਟਰ (Professor's Lake Recreation Centre)**

- ਹਨੇਰੇ ਵਿੱਚ ਜਿਓਕੈਚਿੰਗ (ਇੱਕ ਮਨਪਰਚਾਵਾ ਗਤੀਵਿਧੀ, ਜਿਸ ਵਿੱਚ ਜੀ.ਪੀ.ਐਸ. ਵਰਤਦੇ ਹੋਏ ਲੁਕਾ-ਛਿਪੀ ਖੇਡੀ ਜਾਂਦੀ ਹੈ)
- ਭੂਤਾਂ ਵਾਲਾ ਫੋਟੋ ਬੂਥ
- ਭੂਤਗ੍ਰਸਤ (ਹੌਂਟੇਡ) ਵੈਗਨ ਰਾਈਡਸ

**The Great Pumpkin Party (ਦ ਗ੍ਰੇਟ ਪੰਪਕਿਨ ਪਾਰਟੀ):**

**ਵੀਰਵਾਰ, 1 ਨਵੰਬਰ**

**ਗਾਰਡਨ ਸਕਵੇਅਰ (Garden Square), ਡਾਉਨਟਾਉਨ ਬ੍ਰੈਂਪਟਨ (Downtown Brampton)**

ਸ਼ਾਮ 6 – 8 ਵਜੇ

- ਏਨਵਾਇਰੋਡਰੱਮ (Envirodrum) ਦੁਆਰਾ ਲਾਈਵ ਮਨੋਰੰਜਨ
- ਲਾਈਵ ਗਲੋ ਪਰਫੌਰਮੈਂਸ
- ਬਿਸਕੁਟਾਂ (ਕੁਕੀ) ਦੀ ਸਜਾਵਟ
- ਏਅਰਬੁਰਸ਼ ਟੈਟੂਜ
- ਦਰਸ਼ਕਾਂ ਵਿਚਕਾਰ ਘੁੰਮਦਾ ਜਾਦੂਗਰ

ਆਪਣਾ ਹੈਲੋਵੀਨ (Halloween) ਕਾਸਟਿਊਮ (ਪੁਸ਼ਾਕ) ਪਹਿਨੋ ਅਤੇ ਇਸਤੋਂ ਪਹਿਲਾਂ ਕਿ ਪ੍ਰਸਿੱਧ ਗ੍ਰੇਟ ਪੰਪਕਿਨ ਸਮੈਸ਼ (Great Pumpkin Smash) ਵਿੱਚ ਉਹਨਾਂ ਦੀ ਖਾਦ ਬਣਾ ਲਈ ਜਾਵੇ, ਆਪਣੇ ਪੰਪਕਿਨਾਂ (ਕੱਦੂਆਂ) ਨੂੰ ਆਖ਼ਰੀ ਵਾਰ ਰੋਸ਼ਨ ਕਰਨ ਲਈ ਲੈ ਕੇ ਆਓ! ਕਾਰਜਕਰਮ ਕਿਸੇ ਵੀ ਸਥਿਤੀ ਵਿੱਚ ਹੁੰਦਾ ਹੈ।

ਹੋਰ ਜਾਣਕਾਰੀ ਲਈ, www.brampton.ca ‘ਤੇ ਜਾਓ।

**ਹਵਾਲਾ**

“ਇਸ ਸਾਲ ਪਤਝੜ ਦੀ ਰੁੱਤ ਵਿੱਚ ਸੀਜਨ ਦੇ ਬਦਲਦੇ ਰੰਗਾਂ ਦਾ ਅਨੰਦ ਮਾਣਦੇ ਹੋਏ ਬ੍ਰੈਂਪਟਨ ਵਿੱਚ ਘੁੰਮਣ ਦੇ ਬਹੁਤ ਸਾਰੇ ਮੌਕੇ ਹਨ। ਮੈਂ ਨਿਵਾਸੀਆਂ ਨੂੰ ਡਰਾਵਨੀਆਂ ਰਾਤਾਂ ਅਤੇ 10ਵੀਂ ਸਲਾਨਾ ਗ੍ਰੇਟ ਪੰਪਕਿਨ ਪਾਰਟੀ ਵਿੱਚ ਆਉਣ ਅਤੇ ਸਿਟੀ ਵੱਲੋਂ ਪੇਸ਼ ਕੀਤੀਆਂ ਜਾਣ ਵਾਲੀਆਂ ਸਾਰੀਆਂ ਮਜ਼ੇਦਾਰ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਦੀ ਹਾਂ।”

media release

- *ਮੇਅਰ ਲਿੰਡਾ ਜੈਫਰੀ (Linda Jeffrey)*

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਰਿਲੇਸ਼ਨਸ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca